# ਸਿਟੀ, 1 ਮਾਰਚ ਤੋਂ ਸ਼ੁਰੂ ਕਰਦੇ ਹੋਏ ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰਾਂ ਅਤੇ ਪਰਫੌਰਮਿੰਗ ਆਰਟਸ ਥਾਵਾਂ ਵਿਖੇ, ਵੈਕਸੀਨੇਸ਼ਨ ਦੇ ਸਬੂਤ ਦੀਆਂ ਲੋੜਾਂ ਅਤੇ ਕੈਪੇਸਿਟੀ ਸੀਮਾਵਾਂ ਨੂੰ ਖਤਮ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (1 ਮਾਰਚ, 2022) – 1 ਮਾਰਚ ਤੋਂ, ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਨਹੀਂ ਹੈ ਅਤੇ ਬ੍ਰੈਂਪਟਨ ਰੇਕ੍ਰੀਏਸ਼ਨ ਸੈਂਟਰਾਂ ਅਤੇ ਪਰਫੌਰਮਿੰਗ ਆਰਟਸ ਥਾਵਾਂ ਵਿਖੇ, ਬਾਕੀ ਕੈਪੇਸਿਟੀ ਸੀਮਾਵਾਂ ਖਤਮ ਕੀਤੀਆਂ ਜਾ ਰਹੀਆਂ ਹਨ। ਇਹਨਾਂ ਉਪਾਵਾਂ ਵਿੱਚ, ਓਨਟੈਰੀਓ ਸਰਕਾਰ ਦਾ 14 ਫਰਵਰੀ (February 14) ਦਾ ਐਲਾਨ ਅਤੇ ਪੀਲ ਪਬਲਿਕ ਹੈਲਥ (Peel Public Health) ਦੇ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

ਬ੍ਰੈਂਪਟਨ ਰੇਕ੍ਰੀਏਸ਼ਨ ਸੈਂਟਰਾਂ ਜਾਂ ਪਰਫੌਰਮਿੰਗ ਆਰਟਸ ਥਾਵਾਂ ਵਿਖੇ ਜਾਣ ਵਾਲੇ ਵਿਅਕਤੀਆਂ ਵਾਸਤੇ, ਅਜੇ ਵੀ ਇਨਡੋਰ ਥਾਵਾਂ ਵਿਖੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਅਤੇ ਸਰੀਰਕ ਦੂਰੀ ਰੱਖਣਾ ਜ਼ਰੂਰੀ ਹੋਵੇਗਾ। ਨਿਵਾਸੀਆਂ ਨੂੰ, ਸਿਟੀ ਦੀਆਂ ਫੈਸਿਲਿਟੀਜ ਵਿੱਚ ਦਾਖਲ ਹੋਣ ਤੋਂ ਪਹਿਲਾਂ, ਕੋਵਿਡ-19 (COVID-19) ਦੇ ਲੱਛਣਾਂ ਲਈ ਸੈਲਫ-ਸਕ੍ਰੀਨ ਕਰਨ ਅਤੇ ਜੇਕਰ ਠੀਕ ਨਾ ਹੋਣ ਤਾਂ ਘਰ ਵਿੱਚ ਹੀ ਰਹਿਣ ਲਈ ਆਖਿਆ ਜਾ ਰਿਹਾ ਹੈ।

## ਰੇਕ੍ਰੀਏਸ਼ਨ

ਰੇਕ੍ਰੀਏਸ਼ਨ ਸੈਂਟਰ, ਰਜਿਸਟਰਡ ਅਤੇ ਡ੍ਰੌਪ-ਇਨ ਪ੍ਰੋਗਰਾਮਿੰਗ ਲਈ ਖੁੱਲੇ ਹਨ। ਰੇਕ੍ਰੀਏਸ਼ਨ ਸੈਂਟਰਾਂ ਵਿੱਚ ਆਉਣ ਲਈ ਪੂਰਵ-ਰਜਿਸਟਰੇਸ਼ਨ ਦੀ ਲੋੜ ਨਹੀਂ ਹੈ, ਹਾਲਾਂਕਿ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਆਉਣ ਵਾਲੇ (ਵਿਜੀਟਰ), ਆਉਣ ਤੋਂ ਪਹਿਲਾਂ, ਐਡਵਾਂਸ ਵਿੱਚ ਹੀ ਔਨਲਾਈਨ ਆਪਣੀਆਂ ਸੇਵਾਵਾਂ ਖਰੀਦ ਲੈਣ ਕਿਉਂਕਿ ਸਾਰੀਆਂ ਸੇਵਾਵਾਂ ਪਹਿਲਾਂ ਆਓ, ਪਹਿਲਾਂ ਪਾਓ ਦੇ ਅਧਾਰ ਤੇ ਉਪਲਬਧ ਹਨ। ਉਪਲਬਧ ਪ੍ਰੋਗਰਾਮਾਂ ਦੀ ਜਾਣਕਾਰੀ ਲਈ, www.brampton.ca/registerforprograms ਤੇ ਜਾਓ ਅਤੇ 311 ਤੇ ਫੋਨ ਕਰਕੇ ਜਾਂ ਸਿਟੀ ਦੇ ਰੇਕ੍ਰੀਏਸ਼ਨ ਸੈਂਟਰ ਵਿਖੇ ਜਾ ਕੇ ਰਜਿਸਟਰ ਕਰੋ।

## ਪਰਫੌਰਮਿੰਗ ਆਰਟਸ ਥਾਵਾਂ

ਦ ਰੋਜ਼ (The Rose) ਸਮੇਤ, ਪਰਫੌਰਮਿੰਗ ਆਰਟਸ ਥਾਵਾਂ, 1 ਮਾਰਚ, 2022 ਨੂੰ ਪੂਰੀ ਕੈਪੇਸਿਟੀ ਤੇ ਦੁਬਾਰਾ ਖੁੱਲ੍ਹ ਰਹੀਆਂ ਹਨ। www.therosebrampton.ca ਤੇ ਟਿਕਟਾਂ ਖਰੀਦੋ ਅਤੇ ਹੋਰ ਜਾਣਕਾਰੀ ਪ੍ਰਾਪਤ ਕਰੋ।

## ਮਾਸਕ

ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਸਿਟੀ ਨੇ ਆਪਣੇ ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ (COVID-19 Mandatory Face Mask By-law) ਨੂੰ, ਸਿਟੀ ਦੀਆਂ ਸਾਰੀਆਂ ਫੈਸਿਲਿਟੀਜ ਵਿਖੇ ਅੱਗੇ ਵਧਾ ਦਿੱਤਾ ਹੈ।

ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ ਹੇਠ, ਬ੍ਰੈਂਪਟਨ ਵਿੱਚ ਸਾਰੀਆਂ ਇਨਡੋਰ ਪਬਲਿਕ ਥਾਵਾਂ ਵਿਖੇ ਗੈਰ-ਮੈਡੀਕਲ ਮਾਸਕ ਪਹਿਨਣਾ ਜ਼ਰੂਰੀ ਹੈ। ਸਕਾਰਫ, ਬੰਦਨਸ, ਨੈੱਕ ਗੇਟਰਸ ਜਾਂ ਨੈੱਕ ਵਾਰਮਰਸ ਅਤੇ ਐਕਸਲੇਸ਼ਨ ਵਾਲਵਸ ਵਾਲੇ ਮਾਸਕ, ਚਿਹਰਾ ਢਕਣ ਦੇ ਸਵੀਕਾਰਯੋਗ ਰੂਪ ਨਹੀਂ ਹਨ। ਇਸਤੋਂ ਇਲਾਵਾ ਬਾਇ-ਲਾਅ ਹੇਠ, ਮਾਸਕਾਂ ਨੂੰ ਖਾਣ-ਪੀਣ ਵਾਸਤੇ ਸਿਰਫ਼ ਤਦ ਹੀ ਹਟਾਇਆ ਜਾ ਸਕਦਾ ਹੈ, ਜੇਕਰ ਕੋਈ ਵਿਅਕਤੀ ਉਸ ਉਦੇਸ਼ ਲਈ ਨਿਯਤ ਖੇਤਰ ਵਿੱਚ ਬੈਠਾ ਹੋਵੇ।

ਸਿਟੀ, ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਾਸਤੇ ਮਦਦ ਕਰਨ ਲਈ, ਸਰੀਰਕ ਦੂਰੀ ਰੱਖਣ, ਚੰਗੀ ਤਰ੍ਹਾਂ ਸਫਾਈ ਰੱਖਣ ਅਤੇ ਮਾਸਕ ਪਹਿਨਣ ਜਿਹੇ ਉਪਾਵਾਂ ਨੂੰ ਅਪਨਾਉਣਾ ਜਾਰੀ ਰੱਖਣ ਲਈ ਨਿਵਾਸੀਆਂ ਦਾ ਧੰਨਵਾਦ ਕਰਦੀ ਹੈ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca